# 10th meeting of the BIMSTEC Joint Working Group on Counter Terrorism and Transnational Crime (JWG-CTTC)

January 12, 2023

………………

**ਅੱਤਵਾਦ ਦੇ ਮੁਕਾਬਲੇ ਅਤੇ ਅੰਤਰਰਾਸ਼ਟਰੀ ਅਪਰਾਧਾਂ ਬਾਰੇ ਬਿਮਸਟੇਕ ਦੇ ਸਾਂਝਾ ਕਾਰਜ ਦਲ (JWG-CTTC) ਦੀ 10ਵੀਂ ਮੀਟਿੰਗ**

**12 ਜਨਵਰੀ, 2023**

ਅੱਤਵਾਦ ਦੇ ਮੁਕਾਬਲੇ ਅਤੇ ਅੰਤਰਰਾਸ਼ਟਰੀ ਅਪਰਾਧਾਂ ਬਾਰੇ ਬਿਮਸਟੇਕ ਦੇ ਸਾਂਝਾ ਕਾਰਜ ਦਲ (JWG-CTTC) ਦੀ 10ਵੀਂ ਮੀਟਿੰਗ ਭਾਰਤ ਸਰਕਾਰ ਦੀ ਮੇਜ਼ਬਾਨੀ ਹੇਠ 12 ਜਨਵਰੀ, 2022 ਨੂੰ ਨਵੀਂ ਦਿੱਲੀ ਵਿੱਚ ਸ਼ੁਰੂ ਹੋਈ। ਬਿਮਸਟੇਕ ਦੇ ਸਾਰੇ ਮੈਂਬਰ ਦੇਸ਼ਾਂ ਜਿਵੇਂ ਬੰਗਲਾਦੇਸ਼, ਭੂਟਾਨ, ਭਾਰਤ, ਮਿਆਂਮਾਰ, ਨੇਪਾਲ, ਸ਼੍ਰੀਲੰਕਾ ਅਤੇ ਥਾਈਲੈਂਡ ਦੇ ਵਫਦਾਂ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ।

ਮੀਟਿੰਗ ਦੇ ਉਦਘਾਟਨੀ ਸੈਸ਼ਨ ਨੂੰ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮ) ਸ਼੍ਰੀ ਸੰਜੇ ਵਰਮਾ ਨੇ ਸੰਬੋਧਤ ਕੀਤਾ। ਉਨ੍ਹਾਂ ਨੇ ਸਮਰੱਥਾ ਨਿਰਮਾਣ, ਸੂਚਨਾ ਦੇ ਵਟਾਂਦਰੇ, ਡਿਲੀਵਰੀ ਅਤੇ ਕਾਨੂੰਨੀ ਸਹਾਇਤਾ ਦੇ ਖੇਤਰਾਂ ਵਿੱਚ ਵਧੇਰੇ ਸਹਿਯੋਗ ਰਾਹੀਂ ਅੱਤਵਾਦ ਅਤੇ ਅੰਤਰਰਾਸ਼ਟਰੀ ਅਪਰਾਧਾਂ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਸਮੂਹਿਕ ਕੋਸ਼ਿਸ਼ਾਂ ਦੀ ਲੋੜ 'ਤੇ ਜ਼ੋਰ ਦਿੱਤਾ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਅੱਤਵਾਦ ਵਿਰੋਧ ਨਾਲ ਸਬੰਧਤ ਸੰਯੁਕਤ ਸਕੱਤਰ ਸ਼੍ਰੀ ਮਹਾਵੀਰ ਸਿੰਘਵੀ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ।

BIMSTEC ਫਰੇਮਵਰਕ ਤਹਿਤ ਸੁਰੱਖਿਆ ਪਿਲਰ ਦੇ ਮਾਮਲੇ 'ਚ ਭਾਰਤ ਮੋਹਰੀ ਦੇਸ਼ ਹੈ। ਇਸ ਸੁਰੱਖਿਆ ਪਿਲਰ ਦੇ ਤਹਿਤ ਅੱਤਵਾਦ ਦੇ ਮੁਕਾਬਲੇ ਅਤੇ ਅੰਤਰਰਾਸ਼ਟਰੀ ਅਪਰਾਧਾਂ ਬਾਰੇ ਬਿਮਸਟੇਕ ਦਾ ਸਾਂਝਾ ਕਾਰਜ ਦਲ (JWG-CTTC) (a) ਖੁਫੀਆ ਜਾਣਕਾਰੀ ਸਾਂਝਾ ਕਰਨ (b) ਕਾਨੂੰਨ ਲਾਗੂ ਕਰਨ (C) ਕੱਟੜਪੰਥੀਆਂ ਅਤੇ ਅਤਿਵਾਦ ਦਾ ਮੁਕਾਬਲਾ ਕਰਨ (d) ਮਨੀ ਲਾਂਡਰਿੰਗ ਅਤੇ ਅਤਿਵਾਦ ਦੇ ਵਿੱਤਪੋਸ਼ਣ ਦਾ ਮੁਕਾਬਲਾ ਕਰਨ (e) ਮਨੁੱਖੀ ਤਸਕਰੀ ਅਤੇ (f) ਨਸ਼ੀਲੇ ਪਦਾਰਥਾਂ, ਮਨੋਵਿਗਿਆਨਕ ਪਦਾਰਥਾਂ ਅਤੇ ਪ੍ਰੀਕਰਸਰ ਕੈਮੀਕਲਸ ਦੀ ਨਿਗਰਾਨੀ ਕਰਦਾ ਹੈ.

ਮੀਟਿੰਗ ਦੌਰਾਨ ਬਿਮਸਟੇਕ ਖੇਤਰ ਵਿੱਚ ਸੁਰੱਖਿਆ ਨਾਲ ਜੁੜੇ ਰਵਾਇਤੀ ਅਤੇ ਉੱਭਰ ਰਹੇ ਗੈਰ-ਰਵਾਇਤੀ ਖਤਰਿਆਂ ਬਾਰੇ ਚਰਚਾ ਕੀਤੀ ਗਈ। ਭਾਗੀਦਾਰਾਂ ਨੇ ਇਸ ਖੇਤਰ ਵਿੱਚ ਅੱਤਵਾਦ ਅਤੇ ਅੰਤਰ-ਰਾਸ਼ਟਰੀ ਅਪਰਾਧਾਂ ਦਾ ਮੁਕਾਬਲਾ ਕਰਨ ਵਿੱਚ ਸਹਿਯੋਗ ਕਰਨ ਅਤੇ ਇਸਨੂੰ ਹੋਰ ਵਧਾਉਣ ਲਈ ਵਿਆਪਕ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਅਤੇ ਆਪਣੀਆਂ ਸਿਫਾਰਸ਼ਾਂ ਦਿੱਤੀਆਂ।

ਮੀਟਿੰਗ ਵਿੱਚ ਵੱਖ-ਵੱਖ ਸਬ-ਗਰੁੱਪਾਂ ਦੀਆਂ ਮੀਟਿੰਗਾਂ ਦੀਆਂ ਰਿਪੋਰਟਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਮਰਥਨ ਕੀਤਾ ਗਿਆ। ਡੈਲੀਗੇਟਾਂ ਨੇ ਅੰਤਰਰਾਸ਼ਟਰੀ ਅੱਤਵਾਦ, ਅੰਤਰ ਰਾਸ਼ਟਰੀ ਸੰਗਠਿਤ ਅਪਰਾਧ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮੁਕਾਬਲਾ ਕਰਨ ਵਿੱਚ ਸਹਿਯੋਗ 'ਤੇ ਬਿਮਸਟੇਕ ਕਨਵੈਨਸ਼ਨ ਨੂੰ ਲਾਗੂ ਕਰਨ ਦੇ ਵੱਖ-ਵੱਖ ਪਹਿਲੂਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ, ਜੋ ਕਿ ਸਾਰੇ ਮੈਂਬਰ ਦੇਸ਼ਾਂ ਦੁਆਰਾ ਪ੍ਰਵਾਨਗੀ ਤੋਂ ਬਾਅਦ 16 ਮਾਰਚ 2021 ਨੂੰ ਲਾਗੂ ਹੋਇਆ ਸੀ।

ਮੀਟਿੰਗ ਵਿੱਚ CTTC ਸਹਿਯੋਗ, ਸੂਚਨਾ ਸਾਂਝਾਕਰਨ ਪ੍ਰਣਾਲੀ ਅਤੇ ਬਿਮਸਟੇਕ ਦੇਸ਼ਾਂ ਲਈ ਸਮਰੱਥਾ ਨਿਰਮਾਣ ਲਈ ਸੰਸਥਾਗਤ ਤੰਤਰ ਬਾਰੇ ਹੋਰ ਚਰਚਾ ਕੀਤੀ ਗਈ।

ਨਵੀਂ ਦਿੱਲੀ

12 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.